Regd. No. NW/CH-22 Regd. No. CHD/0092/2018-2020

# Punjab Government Gazette

## EXTRAORDINARY

*Published by Authority*

CHANDIGARH, THURSDAY, AUGUST 6, 2020 (SRAVANA 15, 1942 SAKA)

**ਪੰਜਾਬ ਸਰਕਾਰ**

ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ

(ਮਿਊਂਸਪਲ ਚੋਣਾਂ ਦਫਤਰ)

**ਅਧਿਸੂਚਨਾ**

ਮਿਤੀ 3 ਅਗਸਤ, 2020

**ਨੰ:1/1/2019/ਮਚਦ/ਹਸ/1967.**–ਪੰਜਾਬ ਮਿਊਂਸਪਲ ਐਕਟ, 1911 (ਪੰਜਾਬ ਐਕਟ 111 ਆਫ 1911) ਦੀ ਧਾਰਾ 240 ਦੇ ਉਪਬੰਧਾਂ ਅਨੁਸਾਰ ਅਤੇ ਡਿਲੀਮੀਟੇਸ਼ਨ ਆਫ ਵਾਰਡਜ ਆਫ ਮਿਊਂਸਪੈਲਟੀਜ ਰੂਲਜ, 1972 ਦੇ ਨਿਯਮ 8 ਅਧੀਨ ਇਸ ਤੋਂ ਪਹਿਲਾਂ ਇਸ ਸਬੰਧ ਵਿਚ ਜਾਰੀ ਕੀਤੇ ਹੁਕਮਾਂ ਦਾ ਅਧਿਲੰਘਣ ਕਰਦੇ ਹੋਏ ਹੇਠਾਂ ਲਿਖਿਆ ਨਿਯਮਾਂ ਦਾ ਖਰੜਾ ਜਿਨ੍ਹਾਂ ਨੂੰ ਬਨਾਉਣ ਲਈ ਪੰਜਾਬ ਦੇ ਰਾਜਪਾਲ ਤਜਵੀਜ ਕਰਦੇ ਹਨ ਅਤੇ ਇਸ ਸਬੰਧ ਵਿੱਚ ਆਪਣੀਆਂ ਸਮੂਹ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਗਰ ਕੌਂਸਲ, ਸੁਜਾਨਪੁਰ ਜਿਲ੍ਹਾ ਪਠਾਨਕੋਟ ਦੇ ਵਾਰਡਾਂ ਦੀ ਹਲਕਾਬੰਦੀ ਉਨ੍ਹਾਂ ਵਿਅਕਤੀਆਂ ਦੀ ਸੂਚਨਾ ਲਈ ਪ੍ਰਕਾਸ਼ਿਤ ਕੀਤੀ ਜਾਂਦੀ ਹੈ ਜਿਨ੍ਹਾਂ ਤੇ ਇਸ ਦਾ ਅਸਰ ਪੈਣ ਦੀ ਸੰਭਾਵਨਾ ਹੋਵੇ। ਇਸ ਅਧਿਸੂਚਨਾ ਦੇ ਪ੍ਰਕਾਸ਼ਿਤ ਹੋਣ ਤੋਂ 7 ਦਿਨਾਂ ਦੇ ਪਿੱਛੋਂ ਇਸ ਖਰੜੇ ਉਤੇ ਸਮੇਤ ਇਤਰਾਜਾਂ/ਸੁਝਾਵਾਂ ਦੇ ਵਿਚਾਰ ਕੀਤਾ ਜਾਵੇਗਾ ਜਿਹੜੇ ਨਿਯਮਾਂ ਦੇ ਖਰੜੇ ਸਬੰਧੀ ਕਿਸੇ ਅਸਰ ਸੰਭਾਵੀਂ ਵਿਅਕਤੀ ਵਲੋਂ ਦਿੱਤਾ ਗਿਆ ਸਮਾਂ ਸਮਾਪਤ ਹੋਣ ਤੇ ਸਬੰਧਤ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਨੂੰ ਪ੍ਰਾਪਤ ਹੋਣਗੇ।

**ਨਿਯਮਾਂ ਦਾ ਖਰੜਾ**

ਨਗਰ ਕੌਂਸਲ, ਸੁਜਾਨਪੁਰ ਜਿਲ੍ਹਾ ਪਠਾਨਕੋਟ ਦੇ ਨਗਰਪਾਲਾਂ ਦੀ ਚੋਣ ਦੇ ਮਕਸਦ ਲਈ ਨਗਰ ਕੌਂਸਲ, ਸੁਜਾਨਪੁਰ ਨੂੰ 15 ਵਾਰਡਾਂ ਵਿੱਚ ਵੰਡਿਆ ਜਾਵੇਗਾ ਜਿਨ੍ਹਾਂ ਵਿੱਚ 11 ਵਾਰਡ, ਜਿਨ੍ਹਾਂ ਦੇ ਪਿੱਛੇ ਬਰੈਕਟਾਂ ਅਤੇ ਸ਼ਬਦਾਂ ਵਿਚ:

1. ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵਾਂ;
2. ਇਸਤਰੀ ਮੈਂਬਰਾਂ ਲਈ ਰਾਖਵਾਂ;
3. ਅਨੁਸੂਚਿਤ ਜਾਤੀਆਂ ਦੀਆਂ ਇਸਤਰੀ ਮੈਂਬਰਾਂ ਲਈ ਰਾਖਵਾਂ; ਅਤੇ
4. ਪੱਛੜੀ ਸ਼੍ਰੇਣੀਆਂ ਦੇ ਮੈਂਬਰਾਂ ਲਈ ਰਾਖਵਾਂ;

ਲਿਖਿਆ ਹੋਵੇਗਾ ਕਿ ਉਹ ਵਾਰਡ ਉਨ੍ਹਾਂ ਕੈਟਾਗਰੀਆਂ ਨਾਲ ਸਬੰਧਤ ਮੈਂਬਰਾਂ ਲਈ ਰਾਖਵੇਂ ਹੋਣਗੇ। ਵਾਰਡਾਂ ਦੀਆਂ ਹੱਦਾਂ ਦਾ ਵਰਨਣ ਨਾਲ ਲਗਾਈ ਅਨੁਸੂਚੀ ਵਿੱਚ ਕੀਤਾ ਜਾਂਦਾ ਹੈ।

## ਨਗਰ ਕੌਂਸਲ, ਸੁਜਾਨਪੁਰ ਦੇ ਵਾਰਡਾਂ ਦੀਆਂ ਹੱਦਾਂ ਦਾ ਵਰਣਨ ਦੱਸਦੀ ਅਨੁਸੂਚੀ

### ਵਾਰਡ ਨੰ: 1 (ਅਨੁਸੂਚਿਤ ਜਾਤੀਆਂ ਦੇ ਇਸਤਰੀ ਮੈਂਬਰਾਂ ਲਈ ਰਾਖਵਾਂ)

ਜੰਮੂ ਰੋਡ ਅਤੇ ਨਗਰ ਕੌਂਸਲ ਦੀ ਉੱਤਰੀ ਹੱਦ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਉੱਤਰੀ ਹੱਦ ਨਾਲ ਚੱਲਦੇ ਹੋਏ ਯੂ.ਬੀ.ਡੀ.ਸੀ ਤੀਕ; ਫਿਰ ਉਕਤ ਹੱਦ ਨਾਲ ਚੱਲਦੇ ਹੋਏ ਰੇਲਵੇ ਲਾਇਨ ਤੀਕ: ਫਿਰ ਉਕਤ ਹੱਦ ਨਾਲ ਚੱਲਦੇ ਹੋਏ ਜੰਮੂ ਰੋਡ ਨੂੰ ਪਾਰ ਕਰਦੇ ਹੋਏ ਜੰਮੂ ਰੇਲਵੇ ਲਾਇਨ ਤੀਕ: ਫਿਰ ਉਕਤ ਲਾਇਨ ਨਾਲ ਚੱਲਦੇ ਹੋਏ ਜੰਮੂ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਉੱਤਰੀ ਹੱਦ ਤੀਕ ਅਰਥਾਤ ਜਿਥੋਂ ਆਰੰਭ ਕੀਤਾ ਸੀ।

### ਵਾਰਡ ਨੰ:-2 (ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵਾਂ)

ਬਰਿਜ ਰੋਡ ਨੰ:4 ਅਤੇ ਮੋਹਣੀ ਮੰਦਿਰ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਮੋਹਣੀ ਮੰਦਿਰ ਰੋਡ ਨਾਲ ਚਲਦੇ ਹੋਏ ਵੈਸਨੋ ਦੇਵੀ ਬਾਜਾਰ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਪੀ.ਐਸ.ਈ.ਬੀ.ਟੀ. ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਰੀਨ ਕਲੋਨੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਜੁਬਲੀ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਵੈਸਨੋ ਦੇਵੀ ਬਾਜਾਰ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਬਰਿਜ ਰੋਡ ਨੰ:4 ਤੀਕ ਅਰਥਾਤ ਜਿਥੋਂ ਆਰੰਭ ਕੀਤਾ ਸੀ।

### ਵਾਰਡ ਨੰ:-3 (ਇਸਤਰੀ ਮੈਂਬਰਾਂ ਲਈ ਰਾਖਵਾਂ)

ਐਨ.ਐਚ-1 ਏ ਅਤੇ ਬਰਿਜ ਨੰ: 3 ਰੋਡ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਬਰਿਜ ਰੋਡ ਨਾਲ ਚਲਦੇ ਹੋਏ ਰੇਲਵੇ ਲਾਇਨ ਤੀਕ; ਫਿਰ ਉਕਤ ਰੇਲਵੇ ਲਾਈਨ ਨਾਲ ਚਲਦੇ ਹੋਏ ਗਲੀ ਮੰਦਿਰ ਗੁਰੂ ਰਵਿਦਾਸ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਮਹਾਜਨ ਹਾਲ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਵਿਸਵਕਰਮਾ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਫਿਰ ਗਲੀ ਪੀ.ਐਸ.ਈ.ਬੀ. ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਰੀਨ ਸਿਟੀ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਜੁਬਲੀ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਬਰਿਜ ਨੰ:3 ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਐਨ.ਐਚ-1ਏ ਰੋਡ ਤੀਕ; ਅਰਥਾਤ ਜਿੱਥੋਂ ਆਰੰਭ ਕੀਤਾ ਸੀ।

### ਵਾਰਡ ਨੰ:-4

ਅਮਰ ਪੈਲੇਸ ਅਤੇ ਵਿਸ਼ਵਕਰਮਾ ਰੋਡ ਦੇ ਮਿਲਣ ਸਥਾਨ ਤੋਂ ਆਰੰਭ ਕਰਕੇ ਵਿਸ਼ਵਕਰਮਾ ਰੋਡ ਦੇ ਨਾਲ ਚਲਦੇ ਹੋਏ ਰਾਜਪੂਤ ਸਕੂਲ ਦੀ ਬੈਕ ਸਾਈਡ ਗਲੀ ਤੀਕ; ਆਰੰਭ ਫਿਰ ਉਕਤ ਗਲੀ ਨਾਲ ਚਲਦੇ ਹੋਏ ਕਥੁਰੀਆ ਬਾਜਾਰ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਕੋਪ੍ਰੇਟਿਵ ਬੈਂਕ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਬਾਬਾ ਮੋਹਨੀ ਮੰਦਿਰ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਲਿੰਕ ਗਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਵਿਰਕੀ ਕਲੋਨੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਅਮਰ ਪੈਲੇਸ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਵਿਸਵਕਰਮਾ ਰੋਡ ਤੀਕ ਅਰਥਾਤ ਜਿਥੋਂ ਆਰੰਭ ਕੀਤਾ ਸੀ।

### ਵਾਰਡ ਨੰ: 5 (ਇਸਤਰੀ ਮੈਂਬਰਾਂ ਲਈ ਰਾਖਵਾਂ)

ਕਥੁਰੀਆ ਬਾਜਾਰ ਅਤੇ ਮੇਨ ਬਾਜਾਰ ਦੇ ਮਿਲਣ ਸਥਾਨ ਤੋਂ ਆਰੰਭ ਕਰਕੇ ਮੇਨ ਬਾਜਾਰ ਨਾਲ ਚਲਦੇ ਹੋਏ ਸਿਵਲ ਹਸਪਤਾਲ ਤੀਕ; ਫਿਰ ਉਕਤ ਬਾਜਾਰ ਨਾਲ ਚਲਦੇ ਹੋਏ ਆਦਰਸ ਨਗਰ ਗਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਘੁਮਿਆਰਾ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਕਥੁਰੀਆ ਬਾਜਾਰ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਮੇਨ ਬਾਜਾਰ ਤੀਕ ਅਰਥਾਤ ਜਿਥੋਂ ਆਰੰਭ ਕੀਤਾ ਸੀ।

### ਵਾਰਡ ਨੰ: 6 (ਪਛੜੀਆਂ ਸ਼੍ਰੇਣੀਆਂ ਦੇ ਮੈਂਬਰਾਂ ਲਈ ਰਾਖਵਾਂ)

ਮੇਨ ਬਾਜਾਰ ਅਤੇ ਗਲੀ ਗੁਰਦੁਆਰਾ ਸਾਹਿਬ ਦੇ ਮਿਲਣ ਸਥਾਨ ਤੋਂ ਆਰੰਭ ਕਰਕੇ ਗੁਰਦੁਆਰਾ ਸਾਹਿਬ ਦੇ ਨਾਲ ਚਲਦੇ ਹੋਏ ਗਲੀ ਕਿਲਾ ਮਹਲਾ ਤੀਕ; ਫਿਰ ਉਕਤ ਮਹਲੇ ਨਾਲ ਚਲਦ ਹੋਏ ਲਿੰਕ ਗਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਕਬੀਰ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਦਵਿੰਦਰ ਸਿੰਘ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਮੇਨ ਬਾਜਾਰ ਤੀਕ; ਫਿਰ ਉਕਤ ਬਾਜਾਰ ਨਾਲ ਚਲਦੇ ਹੋਏ ਗਲੀ ਗੁਰਦੁਆਰਾ ਸਾਹਿਬ ਤੀਕ ਅਰਥਾਤ ਜਿਥੋਂ ਆਰੰਭ ਕੀਤਾ ਸੀ।

**ਵਾਰਡ ਨੰ: 7 (ਇਸਤਰੀ ਮੈਂਬਰਾਂ ਲਈ ਰਾਖਵਾਂ)**

ਗਲੀ ਕਥੂਰੀਆ ਬਜਾਰ ਅਤੇ ਗਲੀ ਮੁਹੱਲਾ ਮਿਸਤਰੀਆ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਗਲੀ ਮੁਹੱਲਾ ਮਿਸਤਰੀਆ ਨਾਲ ਚੱਲਦੇ ਹੋਏ ਵੈਸਨੋ ਦੇਵੀ ਬਜਾਰ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਰਾਮ ਲੀਲਾ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਥਾਰੂ ਰਾਮ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗੁਰਦੁਆਰਾ ਸਾਹਿਬ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਕਥੂਰੀਆ ਬਜਾਰ ਤੀਕ ਅਰਥਾਤ ਜਿਥੋਂ ਆਰੰਭ ਕੀਤਾ ਸੀ।

**ਵਾਰਡ ਨੰ: 8**

ਵੈਸਨੋ ਦੇਵੀ ਮੰਦਿਰ ਰੋਡ ਅਤੇ ਗਲੀ ਮਹਾਜਨ ਹਾਲ ਦੇ ਮਿਲਣ ਤੋਂ ਆਰੰਭ ਕਰਕੇ ਗਲੀ ਮਹਾਜਨ ਹਾਲ ਨਾਲ ਚਲਦੇ ਹੋਏ ਗਲੀ ਥਮਸ ਸਕੂਲ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਸਾਹਪੁਰ ਬਾਜਾਰ ਨੂੰ ਪਾਰ ਕਰਦੇ ਹੋਏ ਗਲੀ ਥਾਰੂ ਰਾਮ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਲਿੰਕ ਗਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਰਾਮ ਲੀਲਾ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਵੈਸਨੋ ਗਲੀ ਤੀਕ ਅਰਥਾਤ ਜਿੱਥੋਂ ਆਰੰਭ ਕੀਤਾ ਹੈ।

**ਵਾਰਡ ਨੰ: 9 (ਇਸਤਰੀ ਮੈਂਬਰਾਂ ਲਈ ਰਾਖਵਾਂ)**

ਗਲੀ ਗੁਰੂ ਰਵਿਦਾਸ ਮੰਦਿਰ ਅਤੇ ਰੇਲਵੇ ਲਾਈਨ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਰੇਲਵੇ ਲਾਈਨ ਨਾਲ ਚਲਦੇ ਹੋਏ ਗਲੀ ਲੜਕੀਆਂ ਦੇ ਸਕੂਲ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਥਾਰੂ ਰਾਮ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਸਾਹਪੁਰ ਬਾਜਾਰ ਰੋਡ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਥਮਸ ਸਕੂਲ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਗੁਰੂ ਰਵਿਦਾਸ ਮੰਦਿਰ ਤੀਕ; ਅਰਥਾਤ ਜਿਥੋਂ ਆਰੰਭ ਕੀਤਾ ਸੀ।

**ਵਾਰਡ ਨੰ: 10 (ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵਾਂ)**

ਗਲੀ ਲੜਕੀਆ ਸਕੂਲ ਅਤੇ ਰੇਲਵੇ ਲਾਈਨ ਦੇ ਸਥਾਨ ਤੋਂ ਆਰੰਭ ਕਰਦੇ ਹੋਏ ਰੇਲਵੇ ਲਾਈਨ ਨਾਲ ਚਲਦੇ ਹੋਏ ਸੁਜਾਨਪੁਰ ਪਠਾਨਕੋਟ ਰੋਡ ਨਾਲ ਚੱਲਦੇ ਹੋਏ ਪਠਾਨਕੋਟ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਦਵਿੰਦਰ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਕਬੀਰ ਰੋਡ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਲੜਕੀਆ ਸਕੂਲ ਤੀਕ ਅਰਥਾਤ ਜਿਥੋਂ ਆਰੰਭ ਕੀਤਾ ਸੀ।

**ਵਾਰਡ ਨੰ: 11 (ਅਨੁਸੂਚਿਤ ਜਾਤੀਆਂ ਦੇ ਇਸਤਰੀ ਮੈਂਬਰਾਂ ਲਈ ਰਾਖਵਾਂ)**

ਸਾਹਪੁਰ ਕੰਡੀ ਰੋਡ ਅਤੇ ਰੇਲਵੇ ਲਾਈਨ ਮਿਲਣ ਦੇ ਸਥਾਨ ਤੋਂ ਆਰੰਭ ਕਰਦੇ ਹੋਏ ਰੇਲਵੇ ਲਾਈਨ ਨਾਲ ਚਲਦੇ ਹੋਏ ਸੁਜਾਨਪੁਰ ਪਠਾਨਕੋਟ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਜੰਮੂ ਕਲਿਆਰੀ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਦੱਖਣੀ ਹੱਦ ਤੀਕ; ਫਿਰ ਉਕਤ ਹੱਦ ਨਾਲ ਚੱਲਦੇ ਹੋਏ ਸਾਹਪੁਰ ਕੰਡੀ ਰੋਡ ਤੀਕ ਅਰਥਾਤ ਜਿਥੋਂ ਆਰੰਭ ਕੀਤਾ ਸੀ।

**ਵਾਰਡ ਨੰ: 12**

ਐਨ.ਐਚ.1 ਏ ਅਤੇ ਬਰਿਜ ਨੰਬਰ 5 ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਦੇ ਹੋਏ ਲਿੰਕ ਗਲੀ ਤੀਕ, ਫਿਰ ਉਕਤ ਗਲੀ ਸਹਿਰੀ ਕੱਲਚਰ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਆਦਰਸ ਨਗਰ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਿਵਲ ਹਸਪਤਾਲ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਮੇਨ ਬਜਾਰ ਤੀਕ; ਫਿਰ ਉਕਤ ਬਜਾਰ ਨਾਲ ਚੱਲਦੇ ਹੋਏ ਦਵਿੰਦਰ ਸਿੰਘ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਸਹਿਦ ਭਗਤ ਸਿੰਘ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਜੰਮੂ ਕਲੀਆਰੀ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਰੀਟ ਰੋਡ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਬਰਿਜ ਨੰਬਰ 7 ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਐਨ.ਐਚ. 1 ਏ ਤੀਕ ਅਰਥਾਤ ਜਿਥੋਂ ਆਰੰਭ ਕੀਤਾ ਸੀ।

**ਵਾਰਡ ਨੰ: 13 (ਇਸਤਰੀ ਮੈਂਬਰਾਂ ਲਈ ਰਾਖਵਾਂ)**

ਨਗਰ ਕੌਂਸਲ ਦੀ ਪੱਛਮੀ ਹੱਦ ਅਤੇ ਗਲੀ ਰਵੀ ਲਾਲ ਗਲੀ ਨਾਲ ਆਰੰਭ ਕਰਕੇ ਗਲੀ ਰਵੀ ਲਾਲ ਨਾਲ ਚੱਲਦੇ ਹੋਏ ਗਲੀ

ਮੰਦਿਰ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਾਸਟਰ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਕੈਲਾਸ ਨਗਰ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਐਨ.ਐਚ. 1 ਏ ਤੀਕ; ਫਿਰ ਉਕਤ ਐਨ.ਐਚ. 1 ਏ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਦੱਖਣੀ ਹੱਦ ਤੀਕ; ਫਿਰ ਉਕਤ ਹੱਦ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਪੱਛਮੀ ਹੱਦ ਤੀਕ, ਅਰਥਾਤ ਜਿਥੋਂ ਆਰੰਭ ਕੀਤਾ ਸੀ।

**ਵਾਰਡ ਨੰ: 14**

ਹਸਪਤਾਲ ਰੋਡ ਅਤੇ ਮੇਨ ਬਜਾਰ ਨਾਲ ਚੱਲਦੇ ਹੋਏ ਗਲੀ ਅਰੁਣ ਜਸ ਰੋਟੀਆ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਅਦਰਸ ਗਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਹਿਰੀ ਕਲਚਰ ਤੀਕ; ਫਿਰ ਉਕਤ ਨਾਲ ਚੱਲਦੇ ਹੋਏ ਚਮਨ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਚਮਨ ਰੋਡ ਪਾਰ ਕਰਦੇ ਹੋਏ ਬਰਿਜ ਨੰਬਰ 4 ਤੀਕ; ਗਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਮੋਹਨੀ ਮੰਦਿਰ ਤੀਕ; ਫਿਰ ਗਲੀ ਨਾਲ ਚੱਲਦੇ ਹੋਏ ਗੁਰਦੁਆਰਾ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਕਥੁਰੀਆ ਬਜਾਰ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਘੁਮਿਆਰਾ ਵਾਲੀ ਤੀਕ ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਅਦਰਸ ਨਗਰ ਤੀਕ; ਫਿਕ ਉਕਤ ਗਲੀ ਨਾਲ ਚੱਲਦੇ ਹੋਏ ਹਸਪਤਾਲ ਰੋਡ ਤੀਕ ਅਰਥਾਤ ਜਿਥੋਂ ਅਰੰਭ ਕੀਤਾ ਸੀ।

**ਵਾਰਡ ਨੰ: 15 (ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵਾਂ)**

ਨਗਰ ਕੌਂਸਲ ਦੀ ਪੱਛਮੀ ਹੱਦ ਅਤੇ ਪਿੰਡ ਅਜੀਜ ਪੁਰ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਦੇ ਹੋਏ ਪਿੰਡ ਅਜੀਜ ਨਾਲ ਚੱਲਦੇ ਹੋਏ ਐਨ ਐਚ 1 ਏ ਤੀਕ; ਫਿਰ ਐਨ ਐਚ 1 ਏ ਨਾਲ ਚੱਲਦੇ ਹੋਏ ਕੈਲਾਸ ਨਗਰ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਮਾਸਟਰ ਕਲੋਨੀ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਦੇਵੀ ਮੰਦਿਰ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਮੰਦਿਰ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਰਵੀ ਲਾਲ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਪੱਛਮੀ ਹੱਦ ਤੀਕ; ਅਰਥਾਤ ਜਿਥੋਂ ਆਰੰਭ ਕੀਤਾ ਸੀ।

ਚੰਡੀਗੜ੍ਹ
ਮਿਤੀ 3 ਅਗਸਤ, 2020

**ਸੰਜੇ ਕੁਮਾਰ, ਆਈ.ਏ.ਐਸ.,**
ਵਧੀਕ ਮੁੱਖ ਸਕੱਤਰ ਸਥਾਨਕ ਸਰਕਾਰ ਵਿਭਾਗ ਪੰਜਾਬ।

*2076/8-2020/Pb. Govt. Press, S.A.S. Nagar*